**ਸ਼ਬ ਡਵੀਜਨ ਗੜ੍ਹਸ਼ੰਕਰ** **ਜਿਲ੍ਹਾ ਹੁਸ਼ਿਆਰਪੁਰ**

**ਦਫਤਰ ਉਪ ਕਪਤਾਨ ਪੁਲਿਸ ਗੜ੍ਹਸ਼ੰਕਰ**

ਵਿਸ਼ਾ:-ਦਰਖਾਸਤ ਨੰਬਰ 412-ਡੀ.ਸੀ ਮਿਤੀ 08/12/22(6362-ਪੀ.ਸੀ ਮਿਤੀ 02/12/22) ਸਬੰਧੀ ਰਿਪੋਰਟ।

1.**ਦਰਖਾਸਤ ਕਰਤਾ** :- ਸਤਬੀਰ ਸਿੰਘ ਪੁੱਤਰ ਗੁਲਜੀਤ ਸਿੰਘ ਵਾਸੀ ਬੀ-11 ਐਮ.ਸੀ.ਐਚ 751/2, ਕਮਾਲਪੁਰ ਜਲੰਧਰ ਰੋਡ ਓਪੋਜ਼ਿਟ ਹੀਰਾ ਲੈਬ, ਹੁਸ਼ਿਆਰਪੁਰ।

2.**ਕਿਸ ਦੇ ਖਿਲਾਫ**:- ਭਗਤ ਹਰੀ ਸਿੰਘ ਚੈਰੀਟੇਬਲ ਟਰਸਟ ਅਤੇ ਹਸਪਤਾਲ ਪਿੰਡ ਦਦਿਆਲ ਥਾਣਾ ਮਾਹਿਲਪੁਰ ਜਿਲਾ ਹੁਸਿਆਰਪੁਰ।

3. **ਦੋਸ਼** :- ਭਾਰਤ ਦੇ ਕਾਨੂੰਨ ਦੀ ਉਲੰਘਣਾ ਕਰਕੇ ਟਰਸਟ ਚਲਾਉਣ ਸਬੰਧੀ।

4. **ਪੜਤਾਲੀਆ** :- ਦਲਜੀਤ ਸਿੰਘ ਪੀ.ਪੀ.ਐਸ ਉਪ ਪੁਲਿਸ ਕਪਤਾਨ ਸ.ਡ ਗੜ੍ਹਸੰਕਰ।

5.**ਦਰਖਾਸਤ ਧਿਰ ਦੇ ਗਵਾਹ/ਦਸਤਾਵੇਜ** :- ਦਰਖਾਸਤ ਕਰਤਾ ਸਤਬੀਰ ਸਿੰਘ ਦਾ ਬਿਆਨ।

6. **ਵਿਰੋਧੀ ਧਿਰ ਦੇ ਗਵਾਹ/ਦਸਤਾਵੇਜ** :-ਟਰਸਟ ਮੈਂਬਰ ਸੁਰਿੰਦਰ ਕੌਰ ਪਤਨੀ ਮਲਕੀਤ ਸਿੰਘ ਹਾਲ ਵਾਸੀ ਯੂ.ਕੇ ਦਾ ਬਿਆਨ, ਟਰਸਟ ਮੈਂਬਰ ਮਲਕੀਤ ਸਿੰਘ ਪੁੱਤਰ ਲੇਟ ਭਗਤ ਹਰੀ ਸਿੰਘ ਹਾਲ ਵਾਸੀ ਯੂ.ਕੇ ਦਾ ਬਿਆਨ ਅਤੇ ਕੋਰਟ ਕੇਸ ਦੀ ਕਾਪੀ ।

7.**ਪੜਤਾਲ ਅਤੇ ਸਿੱਟਾ ਰਿਪੋਰਟ** :- ਉਕਤ ਨੰਬਰੀ ਦਰਖਾਸਤ ਦੀ ਪੜਤਾਲ ਦੋਰਾਨ ਦੋਨਾਂ ਧਿਰਾ ਨੂੰ ਤਲਬ ਕਰਕੇ ਗੱਲਬਾਤ ਸੁਣੀ ਗਈ ਅਤੇ ਦੋਨਾਂ ਧਿਰਾ ਨੇ ਆਪਣੇ ਬਿਆਨ ਮੇਰੇ ਪੇਸ਼ ਕੀਤੇ।ਟਰਸਟ ਦੇ ਮੈਂਬਰ ਸੁਰਿੰਦਰ ਕੌਰ ਪਤਨੀ ਮਲਕੀਤ ਸਿੰਘ ਹਾਲ ਵਾਸੀ ਯੂ.ਕੇ ਉਮਰ ਕਰੀਬ 70 ਸਾਲ ਅਤੇ ਮਲਕੀਤ ਸਿੰਘ ਪੁੱਤਰ ਲੇਟ ਭਗਤ ਹਰੀ ਸਿੰਘ ਹਾਲ ਵਾਸੀ ਯੂ.ਕੇ ਉਮਰ ਕਰੀਬ 77 ਸਾਲ ਦੇ ਬਿਆਨ ਅਨੁਸਾਰ ਉਹ ਪਿੰਡ ਦਦਿਆਲ ਵਿਖੇ ਭਗਤ ਹਰੀ ਸਿੰਘ ਚੈਰੀਟੇਬਲ ਹਸਪਤਾਲ ਚਲਾਉਂਦੇ ਹਨ ਅਤੇ ਜਿਆਦਾਤਰ ਯੂ.ਕੇ ਵਿਖੇ ਹੀ ਰਹਿੰਦੇ ਹਨ।ਜੋ ਦੋਰਾਨੇ ਪੜਤਾਲ ਉਤਰਵਾਦੀ ਧਿਰ ਦੇ ਬਿਆਨਾਂ ਨੂੰ ਵਾਚਣ ਤੋਂ ਪਾਇਆ ਗਿਆ ਕਿ ਦਰਖਾਸਤ ਕਰਤਾ ਸਤਬੀਰ ਸਿੰਘ ਅਤੇ ਉਸਦਾ ਭਰਾ ਦੀਪਇੰਦਰ ਸਿੰਘ ਭਗਤ ਹਰੀ ਸਿੰਘ ਚੈਰੀਟੇਬਲ ਟਰਸਟ ਅਤੇ ਹਸਪਤਾਲ ਨੂੰ ਦਵਾਈਆਂ ਸਪਲਾਈ ਕਰਨ ਦਾ ਕੰਮ ਕਰਦੇ ਸਨ।ਜੋ ਇਹਨਾਂ ਦੋਨਾਂ ਪਾਰਟੀਆਂ ਵਿਚਕਾਰ ਪੈਸਿਆਂ ਨੂੰ ਲੈ ਕੇ ਡਿਸਪੁਟ ਹੋਣ ਕਾਰਨ ਉਤਰਵਾਦੀ ਧਿਰ ਵਲੋ ਦਰਖਾਸਤ ਕਰਤਾ ਧਿਰ ਖਿਲਾਫ 92,00,000/-ਰੁਪਏ(92 ਲੱਖ) ਦੀ ਹੇਰਾਫੇਰੀ ਕਰਨ ਸਬੰਧੀ ਦਰਖਾਸਤ ਮਾਨਯੋਗ ਏ.ਡੀ.ਜੀ.ਪੀ ਸਾਹਿਬ ਐਨ.ਆਰ.ਆਈ ਮੋਹਾਲੀ ਨੂੰ



Scanned with OKEN Scanner

ਦਿੱਤੀ ਸੀ। ਜਿਸ ਸਬੰਧੀ ਉਤਰਵਾਦੀ ਧਿਰ ਵਲੋਂ ਮਾਨਯੋਗ ਅਦਾਲਤ ਸ਼੍ਰੀਮਤੀ ਰਿੰਕੀ ਅਗਨੀਹੋਤਰੀ ਜੇ.ਐਮ.ਆਈ.ਸੀ ਹੁਸ਼ਿਆਰਪੁਰ ਜੀ ਦੀ ਅਦਾਲਤ ਵਿੱਚ ਇਸਤਗਾਸਾ ਵੀ ਫਾਇਲ ਕੀਤਾ ਹੋਇਆ ਹੈ। ਜੋ ਭਗਤ ਹਰੀ ਸਿੰਘ ਚੈਰੀਟੇਬਲ ਟਰਸਟ ਅਤੇ ਹਸਪਤਾਲ ਪਿੰਡ ਦਦਿਆਲ ਵਲੋਂ ਦਰਖਾਸਤ ਕਰਤਾ ਸਤਵੀਰ ਸਿੰਘ ਅਤੇ ਉਸਦੇ ਭਰਾ ਦੀਪਇੰਦਰ ਸਿੰਘ ਖਿਲਾਫ ਇਕ ਰਿਕਵਰੀ ਸੂਟ ਵੀ ਫਾਇਲ ਕੀਤਾ ਹੋਇਆ ਹੈ, ਜੋ ਮਾਨਯੋਗ ਅਦਾਲਤ ਸ਼੍ਰੀਮਤੀ ਸਰਬਜੀਤ ਕੌਰਟ, ਜੇ.ਐਮ.ਆਈ.ਸੀ ਹੁਸ਼ਿਆਰਪੁਰ ਪਾਸ ਵਿਚਾਰ ਅਧੀਨ ਹੈ। ਦੌਰਾਨੇ ਪੜਤਾਲ ਪਾਇਆ ਗਿਆ ਕਿ ਉਤਰਵਾਦੀ ਟਰਸਟ ਦੇ ਮੈਂਬਰ ਐਨ.ਆਰ.ਆਈ ਹਨ, ਜੋ ਲੋਕਾਂ ਦੀ ਸਿਹਤ ਸਹੂਲਤਾ ਅਤੇ ਭਲਾਈ ਵਾਸਤੇ ਉਤਰਵਾਦੀ ਮਲਕੀਤ ਸਿੰਘ ਨੇ ਆਪਣੇ ਸ਼੍ਰੀ ਭਗਤ ਹਰੀ ਸਿੰਘ ਦੀ ਯਾਦ ਵਿੱਚ ਭਗਤ ਹਰੀ ਸਿੰਘ ਚੈਰੀਟੇਬਲ ਹਸਪਤਾਲ ਦਦਿਆਲ ਵਿਖੇ ਬਣਾਇਆ ਹੋਇਆ ਹੈ। ਟਰਸਟ ਦੇ ਮੈਂਬਰਾ ਦੇ ਬਿਆਨ ਅਨੁਸਾਰ ਉਹਨਾਂ ਵਲੋਂ ਕੋਈ ਵੀ ਪੈਸਾ ਟਰਸਟ ਨੂੰ ਚਲਾਉਣ ਲਈ ਵਿਦੇਸ਼ ਤੋਂ ਨਹੀ ਲਿਆ, ਜਿਹੜੇ ਵੀ ਪੈਸੇ ਉਕਤ ਟਰਸਟ/ਹਸਪਤਾਲ ਨੂੰ ਚਲਾਉਣ ਲਈ ਇੰਗਲੈਂਡ ਤੋਂ ਆਏ ਹਨ, ਉਹ ਟਰਸਟ ਮੈਂਬਰ ਆਪਣੀ ਬਚਤ ਵਿੱਚੋ ਭੇਜਦੇ ਰਹੇ ਹਨ। ਦਰਖਾਸਤ ਕਰਤਾ ਸਤਬੀਰ ਸਿੰਘ ਵਲੋਂ ਉਕਤ ਦਰਖਾਸਤ ਬਤੌਰ ਪੇਸ਼ਬੰਦੀ ਦਿੱਤੀ ਗਈ ਹੈ ਤਾਂ ਜੋ ਉਤਰਵਾਦੀ ਧਿਰ ਦਰਖਾਸਤ ਕਰਤਾ ਧਿਰ ਖਿਲਾਫ ਕੀਤੇ ਹੋਏ ਕੋਰਟ ਕੇਸ ਵਾਪਿਸ ਲੈ ਲੈਣ। ਦੌਰਾਨੇ ਪੜਤਾਲ ਦਰਖਾਸਤ ਕਰਤਾ ਸਤਬੀਰ ਸਿੰਘ ਵਲੋਂ ਉਕਤ ਦਰਖਾਸਤ ਵਿੱਚ ਉਤਰਵਾਦੀ ਧਿਰ ਖਿਲਾਫ ਲਗਾਏ ਇਲਜਾਮਾ ਵਿੱਚ ਕੋਈ ਸੱਚਾਈ ਨਹੀ ਪਾਈ ਗਈ ਹੈ। ਇਸ ਲਈ ਉਕਤ ਨੰਬਰੀ ਦਰਖਾਸਤ ਦਾਖਲ ਦਫਤਰ ਕਰਨ ਦੀ ਸਿਫਾਰਿਸ਼ ਕੀਤੀ ਜਾਦੀ ਹੈ।

ਰਿਪੋਰਟ ਯੋਗ ਹੁਕਮ ਲਈ ਪੇਸ਼ ਹੈ ਜੀ।

DSP/SSR.
ਉਪ-ਕਪਤਾਨ ਪੁਲਿਸ
ਸ.ਡ. ਗੜ੍ਹਸ਼ੰਕਰ
ਜ਼ਿਲ੍ਹਾ ਹੁਸ਼ਿਆਰਪੁਰ
16/7/2023

Seen & File

Sr. Supdt. of Police
Hoshiarpur